



# Orientation to Ontario



1-855-626-0002
https://settlement.org/o2o

## ਆਵਾਜਾਈ

### ਡ੍ਰਾਈਵਿੰਗ

ਓਂਟਾਰੀਓ ਵਿੱਚ ਹੁੰਦਿਆਂ ਹੋਇਆਂ, ਤੁਸੀਂ ਪਹਿਲੇ 60 ਦਿਨਾਂ ਲਈ ਆਪਣੇ ਮੂਲ ਦੇਸ਼ ਦੇ ਆਪਣੇ ਡ੍ਰਾਈਵਿੰਗ ਲਾਇਸੈਂਸ ਦੀ ਵਰਤੋਂ ਕਰ ਸਕਦੇ ਹੋ।

ਓਂਟਾਰੀਓ ਦਾ ਡ੍ਰਾਈਵਿੰਗ ਲਾਇਸੈਂਸ ਲੈਣ ਲਈ, ਤੁਹਾਨੂੰ ਪਛਾਣ ਦੇ ਦਸਤਾਵੇਜ਼ ਪੇਸ਼ ਕਰਨ ਦੀ ਲੋੜ ਪਏਗੀ। ਤੁਹਾਨੂੰ ਆਪਣੇ ਨਾਲ ਆਪਣਾ ਡ੍ਰਾਈਵਿੰਗ ਲਾਇਸੈਂਸ ਅਤੇ ਆਪਣੇ ਮੂਲ ਦੇਸ਼ ਤੋਂ ਆਪਣੇ ਡ੍ਰਾਈਵਿੰਗ ਅਨੁਭਵ ਦਾ ਸਬੂਤ ਵੀ ਲਿਆਉਣਾ ਚਾਹੀਦਾ ਹੈ।
ਤੁਹਾਨੂੰ ਨਜ਼ਰ ਸਬੰਧੀ ਟੈਸਟ ਅਤੇ ਗਿਆਨ ਸਬੰਧੀ ਟੈਸਟ ਪਾਸ ਕਰਨ ਦੀ ਲੋੜ ਪੈ ਸਕਦੀ ਹੈ।

- ਓਂਟਾਰੀਓ ਦਾ ਡ੍ਰਾਈਵਿੰਗ ਲਾਇਸੈਂਸ ਲੈਣ ਬਾਰੇ ਹੋਰ ਜਾਣਕਾਰੀ ਲਈ drivetest.ca ਜਾਂ findlink.at/driverinfo 'ਤੇ ਜਾਓ।
- ਤੁਹਾਨੂੰ ਕਿਹੜੇ ਦਸਤਾਵੇਜਾਂ ਦੀ ਲੋੜ ਪਏਗੀ, ਦਾ ਪਤਾ ਲਾਉਣ ਲਈ drivetest.ca ਜਾਂ findlink.at/licensing 'ਤੇ ਜਾਓ।

ontario.ca ਜਾਂ findlink.at/dhandbook 'ਤੇ ਓਂਟਾਰੀਓ ਵਿੱਚ ਸੜਕ ਦੇ ਨੇਮਾਂ ਬਾਰੇ ਜਾਣੋ।

### ਬੀਮਾ

ਕਾਰ ਦੇ ਹਰ ਮਾਲਕ ਦਾ ਬੀਮਾ ਜ਼ਰੂਰ ਹੋਣਾ ਚਾਹੀਦਾ ਹੈ। ਓਂਟਾਰੀਓ ਦਾ ਬਿਹਤਰੀਨ ਬੀਮਾ ਪਲਾਨ ਹੈ। ਇੱਕ ਹਾਦਸੇ ਵਿੱਚ ਜੇ ਤੁਸੀਂ ਜ਼ਖ਼ਮੀ ਹੋਏ ਹੋ ਜਾਂ ਤੁਹਾਡੀ ਕਾਰ ਨੂੰ ਨੁਕਸਾਨ ਹੋਇਆ ਹੈ, ਤਾਂ ਤੁਸੀਂ ਆਪਣੀ ਖ਼ੁਦ ਦੀ ਬੀਮਾ ਕੰਪਨੀ ਕੋਲ ਦਾਅਵੇ ਦਾਇਰ ਕਰ ਸਕਦੇ ਹੋ, ਦੂਜੇ ਡ੍ਰਾਈਵਰ ਦੀ ਕੰਪਨੀ ਵਿੱਚ ਨਹੀਂ।

- ਕਨੇਡਾ ਦੇ ਬੀਮਾ ਬਿਊਰੋ 'ਤੇ ਬਿਹਤਰੀਨ ਬੀਮੇ ਬਾਰੇ ਜਾਣੋ: ibc.ca ਜਾਂ findlink.at/nofault

yellowpages.ca 'ਤੇ ਯੈਲੋ ਪੇਜਿਜ਼ ਵਿੱਚ ਬੀਮਾ ਬ੍ਰੋਕਰ ਅਤੇ ਕੰਪਨੀਆਂ ਦਾ ਪਤਾ ਲਾਓ।

### ਸਰਕਾਰੀ ਆਵਾਜਾਈ

ਓਂਟਾਰੀਓ ਵਿੱਚ ਕਈ ਭਾਈਚਾਰਿਆਂ ਦਾ ਸਰਕਾਰੀ ਆਵਾਜਾਈ ਸਿਸਟਮ ਹੈ। ਤੁਸੀਂ ਵਿਅਕਤੀਗਤ ਕਿਰਾਇਆ ਖ਼ਰੀਦ ਸਕਦੇ ਹੋ, ਪਰ ਇਹ ਅਕਸਰ ਸਸਤਾ ਹੁੰਦਾ ਹੈ ਅਤੇ ਮਹੀਨੇਵਾਰ ਪਾਸ ਜਾਂ ਵੱਡੀ ਮਾਤਰਾ ਵਿੱਚ ਕਿਰਾਏ ਖ਼ਰੀਦਣੇ ਬਹੁਤ ਹੀ ਅਸਾਨ ਹਨ। ਕੁਝ ਸਿਸਟਮਾਂ ਵਿੱਚ ਵਿਦਿਆਰਥੀਆਂ ਅਤੇ ਸੀਨੀਅਰਾਂ ਲਈ ਵਿਸ਼ੇਸ਼ ਦਰਾਂ ਹਨ।

ਆਪਣੇ ਇਲਾਕੇ ਵਿੱਚ ਸਰਕਾਰੀ ਟ੍ਰਾਂਸਪੋਰਟ ਬਾਰੇ ਜਾਣਨ ਲਈ, ਆਪਣੀ ਫੋਨ ਬੁੱਕ ਦੇ ਬਲਿਊ ਪੇਜਜ਼ ਵੇਖੋ ਜਾਂ ontario.ca ਜਾਂ findlink.at/transit 'ਤੇ ਟ੍ਰਾਂਸਪੋਰਟ ਮਹਿਕਮੇ 'ਤੇ ਜਾਓ।

**ਟੈਕਸੀਆਂ ਜਾਂ ਕੈਬ** – ਤੁਸੀਂ ਟੈਕਸੀ ਡਿਸਪੈਚ ਨੂੰ ਕਾਲ ਕਰ ਸਕਦੇ ਹੋ ਜਾਂ ਟੈਕਸੀ ਦਾ ਪ੍ਰਬੰਧ ਕਰਨ ਲਈ ਸਮਾਰਟ ਫੋਨ ਐਪ ਦੀ ਵਰਤੋਂ ਕਰੋ। ਕੁਝ ਸ਼ਹਿਰਾਂ ਵਿੱਚ ਤੁਸੀਂ ਸੜਕ 'ਤੇ ਹੱਥ ਦੇ ਕੇ ਟੈਕਸੀ ਰੋਕ ਸਕਦੇ ਹੋ। ਬਹੁਤੀਆਂ ਟੈਕਸੀਆਂ ਮੀਟਰ ਵਾਲੀਆਂ ਹੁੰਦੀਆਂ ਹਨ ਅਤੇ ਤੁਹਾਨੂੰ ਮੀਟਰ ਸਪਸ਼ਟ ਤੌਰ 'ਤੇ ਨਜ਼ਰ ਆਉਣਾ ਚਾਹੀਦਾ ਹੈ। ਟੈਕਸੀ ਵਿੱਚ ਬਹਿਣ ਤੋਂ ਪਹਿਲਾਂ, ਤੁਸੀਂ ਡ੍ਰਾਈਵਰ ਤੋਂ ਅੰਦਾਜ਼ਨ ਲਾਗਤ ਪੁੱਛ ਸਕਦੇ ਹੋ।

ਯੈਲੋ ਪੇਜਜ਼ ਵਿੱਚ ਸਥਾਨਕ ਟੈਕਸੀ ਸਰਵਿਸ ਲਈ ਵੇਖੋ ਜਾਂ yellowpages.ca 'ਤੇ ਜਾਓ।

**ਕਾਰ ਅਤੇ ਟ੍ਰੱਕ ਨੂੰ ਕਿਰਾਏ 'ਤੇ ਲੈਣਾ** – ਤੁਸੀਂ ਪ੍ਰਾਈਵੇਟ ਰੈਂਟਲ ਕੰਪਨੀਆਂ ਰਾਹੀਂ ਇੱਕ ਦਿਨ, ਹਫ਼ਤੇ ਦੇ ਅਖ਼ੀਰ (ਸ਼ਨਿਚਰਵਾਰ/ਐਤਵਾਰ) ਜਾਂ ਵੱਧ ਸਮੇਂ ਲਈ ਕਾਰਾਂ ਅਤੇ ਛੋਟੇ ਟ੍ਰੱਕ ਕਿਰਾਏ 'ਤੇ ਲੈ ਸਕਦੇ ਹੋ। ਇਕਰਾਰਨਾਮਾ ਧਿਆਨ ਨਾਲ ਪੜ੍ਹੋ। ਯੈਲੋ ਪੇਜਜ਼ ਵਿੱਚ ਰੈਂਟਲ ਕੰਪਨੀਆਂ ਲਈ ਵੇਖੋ ਜਾਂ yellowpages.ca 'ਤੇ ਜਾਓ।







Funded by / Financé par

Immigration, Refugees and Citizenship Canada | Immigration, Réfugiés et Citoyenneté Canada

Ontario

ਕਾਰ-ਸ਼ੇਅਰ – ਵੱਡੇ ਸ਼ਹਿਰਾਂ ਵਿੱਚ, ਤੁਸੀਂ ਕਾਰ ਸਾਂਝੀ ਕਰਨ ਸਬੰਧੀ ਸੇਵਾ ਵਿੱਚ ਸ਼ਾਮਿਲ ਹੋ ਸਕਦੇ ਹੋ, ਇਸ ਨਾਲ ਤੁਸੀਂ ਥੋੜ੍ਹੇ ਸਮੇਂ ਲਈ ਕਾਰ ਕਿਰਾਏ 'ਤੇ ਲੈ ਸਕਦੇ ਹੋ ਅਤੇ ਘੰਟੇ ਦੇ ਹਿਸਾਬ ਨਾਲ ਭੁਗਤਾਨ ਕਰਦੇ ਹੋ। ਇਹਨਾਂ ਸੇਵਾਵਾਂ ਦੀਆਂ ਸਹੂਲਤ ਵਾਲੀਆਂ ਲੈਣ ਅਤੇ ਛੱਡਣ ਵਾਲੀਆਂ ਥਾਵਾਂ ਹਨ। ਯੈਲੋ ਪੇਜਜ਼ ਵਿੱਚ ਕਾਰ ਸਾਂਝੀ ਕਰਨ ਵਾਲੀਆਂ ਕੰਪਨੀਆਂ ਲਈ ਵੇਖੋ ਜਾਂ yellowpages.ca 'ਤੇ ਜਾਓ।

## ਸਾਈਕਲਿੰਗ

ਕੁਝ ਭਾਈਚਾਰਿਆਂ ਨੇ ਯਾਤਰੀਆਂ ਅਤੇ ਮਨੋਰੰਜਨ ਵਾਲੀ ਸਾਈਕਲਿੰਗ ਦੇ ਰਸਤਿਆਂ ਲਈ ਸਾਈਕਲਿੰਗ ਲੇਨਾਂ ਤੈਅ ਕੀਤੀਆਂ ਹਨ। ਇੱਕ ਸਾਈਕਲ-ਸੁਆਰ ਦੇ ਤੌਰ 'ਤੇ ਤੁਹਾਨੂੰ ਟ੍ਰੈਫ਼ਿਕ ਦੇ ਸਾਰੇ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। 18 ਸਾਲ ਤੋਂ ਘੱਟ ਉਮਰ ਦੇ ਸਾਈਕਲ-ਸੁਆਰਾਂ ਨੂੰ ਬਾਈਕ ਹੈਲਮੈਟ ਜ਼ਰੂਰ ਪਾਉਣਾ ਚਾਹੀਦਾ ਹੈ।

ਸਾਈਕਲਿੰਗ ਅਤੇ ਸੁਰੱਖਿਆ ਬਾਰੇ ਹੋਰ ਜਾਣਕਾਰੀ ਲਈ 1-800-267-8097 'ਤੇ ਸਰਵਿਸ ਓਂਟਾਰੀਓ ਨੂੰ ਕਾਲ ਕਰੋ ਜਾਂ ontario.ca ਜਾਂ findlink.at/Cycling 'ਤੇ ਟ੍ਰਾਂਸਪੋਰਟੇਸ਼ਨ ਮਹਿਕਮੇ 'ਤੇ ਜਾਓ।

### ਅਹਿਮ ਟਿੱਪਣੀ

- ਪਛਾਣ ਲਈ ਆਪਣਾ ਡ੍ਰਾਈਵਿੰਗ ਲਾਇਸੈਂਸ ਲੈਕੇ ਚੱਲੋ।
- ਗੱਡੀ ਵਿੱਚ ਹਮੇਸ਼ਾ ਆਪਣਾ ਬੀਮਾ ਅਤੇ ਮਾਲਕੀ ਦੇ ਦਸਤਾਵੇਜ਼ ਰੱਖੋ।
- ਸ਼ਰਾਬ ਪੀਕੇ ਕਦੀ ਵੀ ਗੱਡੀ ਨਾ ਚਲਾਓ।
- ਗੱਡੀ ਚਲਾਉਂਦਿਆਂ ਹੋਇਆਂ ਫੋਨ ਜਾਂ ਟੈਕਸਟ ਨਾ ਕਰੋ। ਹਮੇਸ਼ਾ ਆਪਣੀ ਸੀਟ ਬੈਲਟ ਲਾਓ।
- ਟ੍ਰੱਕਾਂ ਅਤੇ ਮੋਟਰਸਾਈਕਲਾਂ ਲਈ ਵਿਸ਼ੇਸ਼ ਲਾਇਸੈਂਸ ਦੀ ਲੋੜ ਪੈਂਦੀ ਹੈ।

